# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

ਐਸ.ਸੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34 ਏ, ਚੰਡੀਗੜ੍ਹ

ਵੱਲ :

(1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ), ਪੰਜਾਬ।

(2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ।

(3) ਮੰਡਲ ਸਿੱਖਿਆ ਅਫ਼ਸਰ, ਪੰਜਾਬ।

(4) ਸਮੂਹ ਜ਼ਿਲ੍ਹਾ ਜੈਂਡਰ ਕੋਆਰਡੀਨੇਟਰ (ਵੈੱਬਸਾਈਟ ਰਾਹੀਂ), ਪੰਜਾਬ।

(5) ਸਮੂਹ BPEOs (ਵੈੱਬਸਾਈਟ ਰਾਹੀਂ), ਪੰਜਾਬ।

(6) ਸਮੂਹ ਸਕੂਲ ਮੁਖੀ, (ਵੈੱਬਸਾਈਟ ਰਾਹੀਂ), ਪੰਜਾਬ।

ਮੀਮੋ ਨੰ: SSA/GE/Test/2011-12/92311-92375 ਮਿਤੀ ਚੰਡੀਗੜ੍ਹ: 29.11.2011

**ਵਿਸ਼ਾ:-5ਵੀਂ, 6ਵੀਂ, 7ਵੀਂ ਅਤੇ 8ਵੀਂ ਕਲਾਸ ਦੀਆਂ ਸਾਰੀਆਂ ਲੜਕੀਆਂ ਅਤੇ ਐਸ.ਸੀ./ਐਸ.ਟੀ. ਲੜਕਿਆਂ ਦਾ ਸਰਵ ਸਿੱਖਿਆ ਅਭਿਆਨ, ਪੰਜਾਬ ਅਧੀਨ ਸਾਲ 2011-12 ਵਿਚ ਵਿਸ਼ੇਸ਼ ਕੰਪੀਟੀਟਿਵ ਟੈਸਟ ਲੈਣ ਸਬੰਧੀ ਦਿਸ਼ਾ ਨਿਰਦੇਸ਼।**

1) ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ, ਪੰਜਾਬ ਦੇ ਸਰਕਾਰੀ ਸਕੂਲਾਂ ਵਿਚ V, VI, VII ਅਤੇ VIII ਜਮਾਤਾਂ ਵਿਚ ਪੜ੍ਹ ਰਹੀਆਂ ਸਮੂਹ ਲੜਕੀਆਂ ਅਤੇ ਐਸ.ਸੀ./ਐਸ.ਟੀ. ਲੜਕਿਆਂ ਲਈ ਮਿਤੀ 20.01.2012 ਨੂੰ ਇੱਕ ਸਪੈਸ਼ਲ ਮੁਕਾਬਲਾ ਇਮਤਿਹਾਨ ਦਾ ਪ੍ਰਬੰਧ ਕਰੇਗੀ। ਸਮੂਹ ਲੜਕੀਆਂ ਲਈ ਜੋ ਇਮਤਿਹਾਨ ਹੋਵੇਗਾ ਉਸ ਲਈ "ਸ਼੍ਰੀਮਤੀ ਕਲਪਨਾ ਚਾਵਲਾ ਐਵਾਰਡ " ਅਤੇ ਐਸ.ਸੀ./ਐਸ.ਟੀ. ਬੱਚਿਆਂ ਲਈ "ਡਾ: ਬੀ.ਆਰ. ਅੰਬੇਦਕਰ ਐਵਾਰਡ " ਦਿੱਤਾ ਜਾਵੇਗਾ।

2) ਇੱਕ ਪੇਪਰ ਜਿਸਦੇ 100 ਅੰਕ ਹੋਣਗੇ ਜੋ ਕਿ ਹਿਸਾਬ, ਸਾਇੰਸ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਵਿਸ਼ਿਆਂ ਨੂੰ ਕਵਰ ਕਰੇਗਾ। ਇਨ੍ਹਾਂ ਸਾਰੇ ਵਿਸ਼ਿਆਂ 'ਚੋਂ ਕ੍ਰਮਵਾਰ 25-25 ਆਬਜੈਕਟਿਵ ਟਾਈਪ ਪ੍ਰਸ਼ਨ ਲਏ ਜਾਣਗੇ ਜੋ ਕਿ ਹਰੇਕ 1 ਅੰਕ ਦਾ ਹੋਵੇਗਾ। ਪੇਪਰ ਇਨ੍ਹਾਂ ਵਿਸ਼ਿਆਂ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਿਰਧਾਰਤ ਦਸੰਬਰ, 2011 ਤੱਕ ਦੇ ਸਿਲੇਬਸ ਅਨੁਸਾਰ ਹੋਏਗਾ।

3) ਪੇਪਰ ਲਈ ਸਮਾਂ ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ ਹੋਵੇਗਾ।

4) ਸਮੂਹ ਲੜਕੀਆਂ ਅਤੇ ਐਸ.ਸੀ./ਐਸ.ਟੀ. ਬੱਚਿਆਂ ਨੂੰ ਅਲੱਗ-ਅਲੱਗ ਇਨਾਮ ਦਿੱਤੇ ਜਾਣਗੇ। ਹਰੇਕ ਬਲਾਕ ਵਿਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਅਤੇ ਐਸ.ਸੀ./ਐਸ.ਟੀ. ਬੱਚਿਆਂ ਨੂੰ ਕ੍ਰਮਵਾਰ ਰੁ: 2000/-, 1500/- ਅਤੇ 1000/- ਨਕਦ ਇਨਾਮ ਦਿੱਤੇ ਜਾਣਗੇ।

5) ਹਰ ਪ੍ਰਸ਼ਨ ਦਾ ਉਤਰ ਪ੍ਰਸ਼ਨ ਪੱਤਰ ਉੱਪਰ ਹੀ ਦਿੱਤਾ ਜਾਵੇਗਾ।

6) ਇਹ ਪੇਪਰ ਸਕੂਲ ਪੱਧਰ ਤੇ ਹੋਵੇਗਾ ਅਤੇ ਇਸ ਦੀ Marking ਵੀ ਸਕੂਲ ਪੱਧਰ ਤੇ ਹੀ ਹੋਵੇਗੀ। Marking ਤੋਂ ਬਾਅਦ ਹਰ ਸਕੂਲ ਦੀ Award list ਸਕੂਲ ਮੁਖੀ ਵੱਲੋਂ 23 ਜਨਵਰੀ, 2012 ਤੱਕ ਸਬੰਧਤ B.P.E.O's ਨੂੰ ਬਲਾਕ ਪੱਧਰ ਤੇ ਭੇਜ ਦਿੱਤੀ ਜਾਵੇਗੀ।

7) ਪੇਪਰ ਦਾ ਸਾਰਾ ਪ੍ਰਬੰਧ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਕਰਨਗੇ। ਪੇਪਰ ਦੀ ਨਿਗਰਾਨੀ ਲਈ ਅਲਗ-ਅਲਗ ਸਕੂਲਾਂ ਦੇ ਸਟਾਫ ਦੀ ਅਦਲਾ ਬਦਲੀ ਕੀਤੀ ਜਾਵੇਗੀ। ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਵੱਲੋਂ ਇਸ ਸਬੰਧ ਵਿਚ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ।

8) ਹਰ B.P.E.O ਵੱਲੋਂ ਆਪਣੇ ਬਲਾਕ ਦੀਆਂ ਪੰਜਵੀਂ, ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਵਿਚ ਪਹਿਲੇ, ਦੂਜੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੀਆਂ ਲੜਕੀਆਂ ਅਤੇ ਪਹਿਲੇ, ਦੂਜੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਐਸ.ਸੀ. ਬੱਚਿਆਂ ਦੀ ਸੂਚੀ ਵੱਖਰੀ-ਵੱਖਰੀ ਤਿਆਰ ਕੀਤੀ ਜਾਵੇਗੀ। ਇਹ ਲਿਸਟਾਂ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਨੂੰ ਭੇਜ ਦਿੱਤੀਆਂ ਜਾਣਗੀਆਂ।

9) ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਅਤੇ (ਐ.ਸਿ.) ਵੱਲੋਂ 15 ਫ਼ਰਵਰੀ ਤੱਕ ਇਕ ਸਾਂਝਾ ਸਮਾਰੋਹ ਆਯੋਜਿਤ ਕਰਕੇ ਇਨ੍ਹਾਂ ਬੱਚਿਆਂ ਨੂੰ ਕੈਸ਼ ਅਵਾਰਡ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਜਾਵੇਗਾ।

10) ਸਪਸ਼ਟ ਕੀਤਾ ਜਾਂਦਾ ਹੈ ਕਿ ਪੰਜਵੀਂ, ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਦੀਆਂ ਟਾਪਰ ਲੜਕੀਆਂ ਅਤੇ ਐਸ.ਸੀ. ਬੱਚਿਆਂ ਦੀ ਵੱਖਰੀ-ਵੱਖਰੀ ਮੈਰਿਟ ਸੂਚੀ ਬਣਾਈ ਜਾਵੇਗੀ ਅਤੇ ਉਨ੍ਹਾਂ ਨੂੰ ਅਵਾਰਡ ਵੀ ਵੱਖਰੇ-ਵੱਖਰੇ ਦਿੱਤੇ ਜਾਣਗੇ।

11) ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਇਹ ਯਕੀਨੀ ਬਣਾਉਣ ਕਿ ਇਹ ਗਾਈਡਲਾਈਨਜ਼ ਹਰੇਕ ਸਕੂਲ ਮੁੱਖੀ ਤੱਕ ਪਹੁੰਚ ਜਾਣ। ਇਸਦੀ ਕਾਪੀ ਸਰਵ ਸਿੱਖਿਆ ਅਭਿਆਨ, ਪੰਜਾਬ ਦੀ ਵੈੱਬਸਾਈਟ (ssapunjab.org) ਉੱਪਰ ਵੀ ਰੱਖੀ ਗਈ ਹੈ।

12) ਸਾਰੇ ਪ੍ਰਸ਼ਨ ਪੱਤਰ ਮਿਤੀ 17.01.2012 ਨੂੰ ਜੈਂਡਰ ਕੋਆਰਡੀਨੇਟਰਾਂ ਵੱਲੋਂ ਮੁੱਖ ਦਫ਼ਤਰ ਤੋਂ ਪ੍ਰਾਪਤ ਕੀਤੇ ਜਾਣਗੇ।।

13) ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਨੂੰ ਇਹ ਵੀ ਹਦਾਇਤ ਕੀਤੀ ਜਾਵੇ ਕਿ ਜ਼ਿਲ੍ਹੇ ਦੇ ਸਬੰਧਤ ਗਰਲਜ਼ ਕੋਆਰਡੀਨੇਟਰ ਨਾਲ ਤਾਲਮੇਲ ਕਰਕੇ ਇਸ ਕੰਮ ਨੂੰ ਚੰਗੇ ਢੰਗ ਨਾਲ ਨੇਪਰੇ ਚਾੜਨਗੇ।

14) ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਅਤੇ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਆਪਣੇ ਅਧੀਨ ਆਉਂਦੇ ਸਾਰੇ BPEOs ਨੂੰ ਹਦਾਇਤ ਕਰਨਗੇ ਕਿ ਮਿਤੀ 18.01.2012 ਨੂੰ ਉਹ ਪ੍ਰਸ਼ਨ ਪੱਤਰ ਪ੍ਰਾਪਤ ਕਰਨਗੇ। ਅੱਗੋ ਇਹ ਪ੍ਰਸ਼ਨ ਪੱਤਰ ਸਬੰਧਤ ਸਕੂਲ ਮੁੱਖੀਆਂ ਨੂੰ ਵੰਡਣਗੇ।

15) ਸਮੂਹ ਬੱਚਿਆਂ ਨੂੰ ਮਿਤੀ 20.01.2012 ਨੂੰ ਹੋ ਰਹੇ ਇਮਤਿਹਾਨ ਦੀ ਸੂਚਨਾਂ ਸਬੰਧਤ ਕਲਾਸ ਇੰਚਾਰਜਾਂ ਰਾਹੀਂ ਸਵੇਰ ਦੀ ਸਭਾ/ ਪਸਵਕ/ਸਸਵਕ ਕਮੇਟੀਆਂ ਰਾਹੀਂ ਦਿੱਤੀ ਜਾਵੇਗੀ। ਟੈਸਟ ਵਿਚ ਬੱਚਿਆਂ ਦੀ ਹਾਜ਼ਰੀ 100% ਸੁਨਿਸ਼ਚਿਤ ਕੀਤੀ ਜਾਵੇ।

16) ਬੱਚਿਆਂ ਦੇ ਸੀਟਿੰਗ ਪਲਾਨ ਅਤੇ ਬੈਠਣ ਦਾ ਸਹੀ ਪ੍ਰਬੰਧ ਟੈਸਟ ਤੋਂ ਇੱਕ ਦਿਨ ਪਹਿਲਾਂ ਭਾਵ ਮਿਤੀ 19.01.2012 (ਵੀਰਵਾਰ) ਨੂੰ ਸਬੰਧਤ ਸਕੂਲ ਮੁੱਖੀ ਸੁਨਿਸ਼ਚਿਤ ਕਰੇਗਾ।

17) ਪ੍ਰੀਖਿਆ ਲੈਣ ਵਾਲੇ ਅਮਲੇ ਦੀ ਸੂਚੀ ਜੈਂਡਰ ਕੋਆਰਡੀਨੇਟਰ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਨੂੰ ਉਪਲੱਬਧ ਕਰਵਾਈ ਜਾਵੇਗੀ।

18) ਹਰੇਕ ਸਕੂਲ ਮੁੱਖੀ ਇਹ ਯਕੀਨੀ ਬਣਾਏ ਕਿ ਹਰੇਕ ਵਿਸ਼ੇ ਦੇ ਪੇਪਰਾਂ ਦੀ ਚੈਕਿੰਗ ਲਈ ਉਸ ਵਿਸ਼ੇ ਦਾ ਅਧਿਆਪਕ ਨਿਯੁਕਤ ਕੀਤਾ ਜਾਵੇ। -ਸਹੀ-

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ,**
**ਪੰਜਾਬ, ਚੰਡੀਗੜ੍ਹ।**

ਪਿੱਠ ਅੰਕਣ ਨੰ: SSA/GE/Test/2011-12/92376-92378 ਮਿਤੀ: 29.11.2011

ਉਪਰੋਕਤ ਦਾ ਉਤਾਰਾ ਡੀ.ਪੀ.ਆਈ. (ਐ.ਸਿ.), (ਸੈ.ਸਿ.) ਤੇ ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ। -ਸਹੀ-

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ,**
**ਪੰਜਾਬ, ਚੰਡੀਗੜ੍ਹ**